# Help if you live in a care home

# ਜੇ ਤੁਸੀਂ ਕਿਸੇ ਕੇਅਰ ਹੋਮ ਵਿਚ ਹੋ ਤਾਂ ਤੁਹਾਨੂੰ ਮਿਲ ਸਕਣ ਵਾਲੀ ਮਦਦ

**GL15 Punjabi**

**April 2003**

**ਇਸ ਪਰਚੇ ਵਿਚ ਤੁਹਾਨੂੰ ਹੇਠ ਲਿਖੀਆਂ ਗੱਲਾਂ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ:**

- 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਇਨਕਮ ਸੁਪੋਰਟ, ਜਾਂ ਮਿਨੀਮਮ ਇਨਕਮ ਗਾਰੰਟੀ ਅਤੇ ਤੁਹਾਨੂੰ ਮਿਲ ਸਕਣ ਵਾਲੇ ਹੋਰ ਬੈਨੀਫ਼ਿਟ।
- ਕੇਅਰ ਹੋਮ ਵਿਚ ਜਾਣ ਨਾਲ ਤੁਹਾਡੇ ਪਹਿਲਾਂ ਮਿਲ ਰਹੇ ਬੈਨੀਫ਼ਿਟਾਂ ’ਤੇ ਕੀ ਅਸਰ ਪੈ ਸਕਦਾ ਹੈ।

ਜੇ ਤੁਸੀਂ ਕੇਅਰ ਹੋਮ ਵਿਚ ਰਹਿੰਦੇ ਹੋ, ਜਾਂ ਥੋੜੀ ਦੇਰ ਉੱਥੇ ਰਹਿਣ ਜਾ ਰਹੇ ਹੋ, ਤਾਂ ਅਸੀਂ ਇਹ ਗੱਲ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਤੁਹਾਨੂੰ ਸਹੀ ਕਿਸਮ ਦੀ ਮਦਦ, ਸਹੀ ਸਮੇਂ ’ਤੇ ਅਤੇ ਸਹੀ ਢੰਗ ਨਾਲ ਮਿਲੇ।

ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰਦੇ ਹੋ ਜਿਹਨੂੰ ਕੇਅਰ ਹੋਮ ਵਿਚ ਰਹਿਣ ਦੀ ਲੋੜ ਹੈ, ਤਾਂ ਵੀ ਇਹ ਪਰਚਾ ਤੁਹਾਡੇ ਕੰਮ ਆ ਸਕਦਾ ਹੈ।

ਇਹ ਪਤਾ ਕਰਨਾ ਬਹੁਤ ਜ਼ਰੂਰੀ ਹੈ ਕਿ ਤੁਹਾਡੀ ਕਾਉਂਸਿਲ ਤੁਹਾਨੂੰ ਕਿਸ ਕਿਸਮ ਦੀ ਮਦਦ ਦੇ ਸਕਦੀ ਹੈ, ਅਤੇ ਜਿਹੜੇ ਸੋਸ਼ਲ ਸੈਕਿਉਰਿਟੀ ਬੈਨੀਫ਼ਿਟ ਲੈਣ ਦੇ ਹੱਕਦਾਰ ਤੁਸੀਂ ਹੋ ਸਕਦੇ ਹੋ ਉਹ ਬੈਨੀਫ਼ਿਟ ਕਲੇਮ ਕਰਨਾ (ਮੰਗ ਲੈਣਾ) ਵੀ ਤੁਹਾਡੇ ਲਈ ਜ਼ਰੂਰੀ ਹੈ।

ਜੇ ਤੁਹਾਨੂੰ ਪਹਿਲਾਂ ਹੀ ਬੈਨੀਫ਼ਿਟ ਮਿਲ ਰਹੇ ਹਨ, ਤਾਂ **ਸਭ ਤੋਂ ਵੱਧ ਜ਼ਰੂਰੀ** ਗੱਲ ਇਹ ਹੈ ਕਿ ਜਿਸ ਆਫ਼ਿਸ ਤੋਂ ਤੁਹਾਨੂੰ ਬੈਨੀਫ਼ਿਟ ਮਿਲਦਾ ਹੈ, ਉਹਨੂੰ ਦੱਸੋ ਕਿ ਤੁਸੀਂ ਕੇਅਰ ਹੋਮ ਵਿਚ ਜਾ ਰਹੇ ਹੋ।

*ਜੇ ਤੁਸੀਂ ਸਕਾਟਲੈਂਡ ਵਿਚ ਰਹਿੰਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਡੇ ਸੋਸ਼ਲ ਸੈਕਿਉਰਿਟੀ ਡਿਪਾਰਟਮੈਂਟ ਦਾ ਨਾਂ ਸੋਸ਼ਲ ਵਰਕ ਡਿਪਾਰਟਮੈਂਟ ਹੋਵੇ।*

## 60 ਸਾਲ ਜਾਂ ਵੱਧ ਉਮਰ ਦੇ ਲੋਕਾਂ ਲਈ ਇਨਕਮ ਸੁਪੋਰਟ ਜਾਂ ਮਿਨੀਮਮ ਇਨਕਮ ਗਾਰੰਟੀ

- ਜੇ ਤੁਹਾਡੀ ਉਮਰ 16 ਸਾਲ ਜਾਂ ਵੱਧ ਹੈ ਅਤੇ ਤੁਹਾਡੀ ਆਮਦਨ ਘੱਟ ਹੈ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਇਨਕਮ ਸੁਪੋਰਟ ਮਿਲੇ।
- ਫ਼ੀਸ ਵਿਚ ਤੁਹਾਡਾ ਹਿੱਸਾ ਪਾਉਣ ਲਈ ਤੁਹਾਥੋਂ ਲਏ ਜਾਣ ਵਾਲੇ ਪੈਸਿਆਂ ਦਾ ਹਿਸਾਬ ਲਾਉਣ ਵੇਲੇ ਸੋਸ਼ਲ ਸਰਵਿਸਿਜ਼ ਡਿਪਾਰਟਮੈਂਟ ਇਸ ਇਨਕਮ ਸੁਪੋਰਟ ਵਲ ਧਿਆਨ ਦੇਵੇਗਾ।
- ਤੁਹਾਡੀ ਬੱਚਤ ਦਾ ਅਸਰ ਇਸ ਗੱਲ ’ਤੇ ਪੈ ਸਕਦਾ ਹੈ ਕਿ ਤੁਹਾਨੂੰ ਕਿੰਨੀ ਇਨਕਮ ਸੁਪੋਰਟ ਮਿਲ ਸਕਦੀ ਹੈ। ਜੇ ਤੁਸੀਂ ਪੱਕੇ ਤੌਰ ’ਤੇ ਕੇਅਰ ਹੋਮ ਵਿਚ ਜਾ ਰਹੇ ਹੋ, ਤਾਂ ਬੱਚਤ ਵਿਚ ਤੁਹਾਡੇ ਪਹਿਲੇ ਘਰ ਦਾ ਮੁੱਲ ਵੀ ਸ਼ਾਮਿਲ ਹੋਏਗਾ, ਪਰ ਕਈ ਹਾਲਤਾਂ ਵਿਚ ਇਸ ਮੁੱਲ ਵਲ ਧਿਆਨ ਨਹੀਂ ਵੀ ਦਿੱਤਾ ਜਾਂਦਾ।
- ਜੇ ਤੁਸੀਂ ਥੋੜੀ ਦੇਰ ਲਈ ਉੱਥੇ ਜਾ ਰਹੇ ਹੋ, ਤਾਂ ਨਿਯਮ ਵੱਖਰੇ ਹਨ।
- ਜੇ 7 ਅਪ੍ਰੈਲ 2002 ਤੋਂ ਪਹਿਲਾਂ ਵੀ ਤੁਹਾਨੂੰ ਇਨਕਮ ਸੁਪੋਰਟ ਮਿਲ ਰਹੀ ਸੀ, ਤਾਂ ਨਵੇਂ ਨਿਯਮਾਂ ਦਾ ਅਸਰ ਤੁਹਾਨੂੰ ਮਿਲਣ ਵਾਲੇ ਪੈਸਿਆਂ ’ਤੇ ਪਏਗਾ।

ਵਧੇਰੇ ਜਾਣਕਾਰੀ ਲੈਣ ਲਈ ਆਪਣੇ ਸੋਸ਼ਲ ਸੈਕਿਉਰਿਟੀ ਆਫ਼ਿਸ ਨਾਲ ਰਾਬਤਾ ਕਰੋ, ਜਾਂ ਬੈਨੀਫ਼ਿਟ ਇਨਕੁਆਇਰੀ ਲਾਈਨ ਨੂੰ ਫ਼ੋਨ ਕਰੋ (ਵਧੇਰੇ ਜਾਣਕਾਰੀ ਲੈਣ ਲਈ ਹੋਰ ਮਦਦ ਵਾਲਾ ਹਿੱਸਾ ਪੜ੍ਹੋ)।

## ਅਟੈਂਡੈਂਸ ਅਲਾਉਂਸ ਅਤੇ ਡਿਸਏਬਿਲਿਟੀ ਲਿਵਿੰਗ ਅਲਾਉਂਸ (ਕੇਅਰ ਕੰਪੋਨੈਂਟ)

- ਆਮ ਤੌਰ ’ਤੇ ਇਹ 4 ਹਫ਼ਤਿਆਂ ਮਗਰੋਂ ਮਿਲਣੇ ਬੰਦ ਹੋ ਜਾਣਗੇ, ਜੇ
  - ਤੁਸੀਂ ਲੋਕਲ ਕਾਉਂਸਿਲ ਵਲੋਂ ਚਲਾਏ ਜਾਣ ਵਾਲੇ ਹੋਮ ਵਿਚ ਚਲੇ ਜਾਓ
  - ਸੋਸ਼ਲ ਸਰਵਿਸਿਜ਼ ਡਿਪਾਰਟਮੈਂਟ ਕਿਸੇ ਸੁਤੰਤਰ ਹੋਮ ਦਾ ਖ਼ਰਚ ਪੂਰਾ ਕਰਨ ਵਿਚ ਮਦਦ ਦਿੰਦਾ ਹੋਵੇ

DWP Department for Work and Pensions

- ਜੇ ਤੁਹਾਡੀ ਦੇਖਭਾਲ ਦਾ ਪ੍ਰਬੰਧ ਸੋਸ਼ਲ ਸਰਵਿਸਿਜ਼ ਡਿਪਾਰਟਮੈਂਟ ਨੇ ਕਿਸੇ ਸੁਤੰਤਰ ਹੋਮ ਵਿਚ ਨਹੀਂ ਕੀਤਾ, ਤਾਂ ਤੁਹਾਨੂੰ ਅਟੈਂਡੈਂਸ ਅਲਾਊਂਸ ਅਤੇ ਡਿਸਏਬਿਲਿਟੀ ਲਿਵਿੰਗ ਅਲਾਊਂਸ ਆਮ ਤੌਰ 'ਤੇ ਮਿਲਦਾ ਰਹੇਗਾ, ਭਾਵੇਂ ਤੁਹਾਨੂੰ ਇਨਕਮ ਸੁਪੋਰਟ ਮਿਲਦੀ ਵੀ ਹੋਵੇ। ਸਕਾਟਲੈਂਡ ਵਿਚ ਇਹਦਾ ਨਿਯਮ ਵੱਖਰਾ ਹੈ। ਜਿਹੜਾ ਦਫ਼ਤਰ ਤੁਹਾਨੂੰ ਅਟੈਂਡੈਂਸ ਅਲਾਊਂਸ ਜਾਂ ਡਿਸਏਬਿਲਿਟੀ ਲਿਵਿੰਗ ਅਲਾਊਂਸ ਦਿੰਦਾ ਹੈ, ਉਹਦੇ ਕੋਲੋਂ ਪਤਾ ਕਰੋ।
- ਜੇ ਸੋਸ਼ਲ ਸਰਵਿਸਿਜ਼ ਡਿਪਾਰਟਮੈਂਟ ਕਿਸੇ ਸੁਤੰਤਰ ਹੋਮ ਦੇ ਖ਼ਰਚ ਵਿਚ ਮਦਦ ਦੇਣਾ ਬੰਦ ਕਰ ਦੇਵੇ, ਤਾਂ ਤੁਹਾਡੇ ਬੈਨੀਫ਼ਿਟ ਦਾ ਪ੍ਰਬੰਧ ਕਰਨ ਵਾਲੇ ਦਫ਼ਤਰ ਨੂੰ ਤੁਸੀਂ ਦੱਸੋ ਕਿਉਂਕਿ ਆਮ ਤੌਰ 'ਤੇ ਤੁਹਾਨੂੰ ਬੈਨੀਫ਼ਿਟ ਫਿਰ ਤੋਂ ਮਿਲਣਾ ਸ਼ੁਰੂ ਹੋ ਸਕਦਾ ਹੈ।

**ਕੇਅਰਰਜ਼ ਅਲਾਊਂਸ**

- ਜੇ ਤੁਹਾਡੀ ਦੇਖਭਾਲ ਕਰਨ ਕਰਕੇ ਕਿਸੇ ਨੂੰ ਕੇਅਰਰਜ਼ ਅਲਾਊਂਸ ਮਿਲਦਾ ਹੈ, ਤਾਂ ਤੁਹਾਡਾ ਅਟੈਂਡੈਂਸ ਅਲਾਊਂਸ ਜਾਂ ਡਿਸਏਬਿਲਿਟੀ ਲਿਵਿੰਗ ਅਲਾਊਂਸ ਦਾ **ਕੇਅਰ ਕੰਪੋਨੈਂਟ** ਬੰਦ ਹੋਣ ਦੀ ਹਾਲਤ ਵਿਚ ਉਸ ਵਿਅਕਤੀ ਨੂੰ ਕੇਅਰ ਅਲਾਊਂਸ ਮਿਲਣਾ ਵੀ ਬੰਦ ਹੋ ਜਾਏਗਾ।

**ਹਾਊਜ਼ਿੰਗ ਬੈਨੀਫ਼ਿਟ ਅਤੇ ਕਾਊਂਸਿਲ ਟੈਕਸ ਬੈਨੀਫ਼ਿਟ**

- ਜੇ ਤੁਸੀਂ ਪੱਕੇ ਤੌਰ 'ਤੇ ਦੇਖਭਾਲ ਲਈ ਕਿਸੇ ਹੋਮ ਵਿਚ ਚਲੇ ਜਾਓ, ਤਾਂ ਤੁਸੀਂ ਆਮ ਤੌਰ 'ਤੇ ਹਾਊਜ਼ਿੰਗ ਬੈਨੀਫ਼ਿਟ ਜਾਂ ਕਾਊਂਸਿਲ ਟੈਕਸ ਬੈਨੀਫ਼ਿਟ ਨਹੀਂ ਲੈ ਸਕਦੇ।
- ਜੇ ਤੁਸੀਂ ਇੱਥੇ ਆਰਜ਼ੀ ਤੌਰ 'ਤੇ ਰਹਿਣਾ ਹੋਵੇ, ਤਾਂ ਹੋ ਸਕਦਾ ਹੈ ਕਿ ਹਾਲੇ ਵੀ ਹਾਊਜ਼ਿੰਗ ਬੈਨੀਫ਼ਿਟ ਅਤੇ ਕਾਊਂਸਿਲ ਟੈਕਸ ਬੈਨੀਫ਼ਿਟ ਮਿਲ ਸਕੇ। ਇਹਦੇ ਬਾਰੇ ਤੁਸੀਂ ਆਪਣੀ ਕਾਊਂਸਿਲ ਤੋਂ ਪਤਾ ਕਰੋ।

**ਹੋਰ ਮਦਦ**

- ਆਪਣੇ ਨੇੜੇ ਦੇ ਸੋਸ਼ਲ ਸੈਕਿਊਰਿਟੀ ਦਫ਼ਤਰ ਜਾਂ ਜੌਬਸੈਂਟਰ ਪਲੱਸ ਦਾ ਪਤਾ ਲੱਭਣ ਲਈ ਆਪਣੀ ਟੈਲੀਫ਼ੋਨ ਡਾਇਰੈਕਟਰੀ ਦੇ ਬਿਜ਼ਨੈੱਸ ਵਾਲੇ ਸਫ਼ਿਆਂ 'ਤੇ **ਜੌਬਸੈਂਟਰ ਪਲੱਸ, ਸੋਸ਼ਲ ਸੈਕਿਊਰਿਟੀ ਜਾਂ ਜੌਬਸੈਂਟਰ (Jobcentre Plus, social security ਜਾਂ Jobcentre)** ਦਾ ਇਸ਼ਤਿਹਾਰ ਦੇਖੋ। ਇਹ ਦਫ਼ਤਰ ਤੁਹਾਡੀ ਭਾਸ਼ਾ ਵਿਚ ਤੁਹਾਨੂੰ ਸਲਾਹ ਦੇਣ ਦਾ ਪ੍ਰਬੰਧ ਕਰਵਾ ਸਕਦਾ ਹੈ। ਪਰ ਜਦ ਤੁਸੀਂ ਇਸ ਦਫ਼ਤਰ ਨੂੰ ਫ਼ੋਨ ਕਰੋਗੇ, ਤਾਂ ਤੁਹਾਨੂੰ ਜਵਾਬ ਅੰਗਰੇਜ਼ੀ ਵਿਚ ਦਿੱਤਾ ਜਾਏਗਾ।
- ਨਿਰਯੋਗਤਾਵਾਂ ਵਾਲੇ ਲੋਕਾਂ, ਉਹਨਾਂ ਦੇ ਨੁਮਾਇੰਦਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਰਾਜ਼ਦਾਰੀ ਨਾਲ ਸਲਾਹ ਦੇਣ ਲਈ ਟੈਲੀਫ਼ੋਨ ਸਹੂਲਤ ਵੀ ਹੈ। ਤੁਸੀਂ **ਬੈਨੀਫ਼ਿਟ ਇਨਕੁਆਇਰੀ ਲਾਈਨ** (**ਬੀ ਈ ਐਲ**)**(Benefit Enquiry Line - BEL)** ਨੂੰ ਨੰਬਰ **0800 88 22 00** 'ਤੇ ਫ਼ੋਨ ਕਰੋ। (ਤੁਹਾਡੀ ਫ਼ੋਨ ਕਾੱਲ ਦਾ ਜਵਾਬ ਅੰਗਰੇਜ਼ੀ ਵਿਚ ਦਿੱਤਾ ਜਾਏਗਾ)। ਜਿਹਨਾਂ ਲੋਕਾਂ ਨੂੰ ਬੋਲਣ ਜਾਂ ਸੁਣਨ ਵਿਚ ਮੁਸ਼ਕਿਲ ਆਉਂਦੀ ਹੈ, ਉਹ ਟੈਕਸਟਫ਼ੋਨ ਨੰਬਰ **0800 24 33 55** ਦੀ ਵਰਤੋਂ ਕਰ ਸਕਦੇ ਹਨ।

ਤੁਹਾਨੂੰ ਵਧੇਰੇ ਜਾਣਕਾਰੀ ਡੀ ਡਬਲਯੂ ਪੀ (ਡਿਪਾਰਟਮੈਂਟ ਫ਼ਾਰ ਵਰਕ ਐਂਡ ਪੈਨਸ਼ਨਜ਼) ਦੀ ਇਸ ਵੈੱਬਸਾਈਟ ਤੋਂ ਮਿਲ ਸਕਦੀ ਹੈ - **www.dwp.gov.uk**

ਯਾਦ ਰੱਖੋ ਕਿ ਇਹ ਪਰਚਾ ਬੈਨੀਫ਼ਿਟਾਂ ਬਾਰੇ ਸਿਰਫ਼ ਆਮ ਜਾਣਕਾਰੀ ਦੇਣ ਲਈ ਹੈ ਅਤੇ ਇਹ ਕਾਨੂੰਨ ਦਾ ਮੁਕੰਮਲ ਅਤੇ ਅਧਿਕਾਰਤ ਬਿਆਨ ਨਹੀਂ ਹੈ। ਅਸੀਂ ਹਰ ਕੋਸ਼ਿਸ਼ ਕੀਤੀ ਹੈ ਕਿ ਇਸ ਪਰਚੇ ਵਿਚ ਦਿੱਤੀ ਜਾਣਕਾਰੀ ਇਹਦੇ ਪਹਿਲੇ ਸਫ਼ੇ 'ਤੇ ਛਪੀ ਤਾਰੀਖ਼ ਤਕ ਸਹੀ ਹੋਵੇ। ਪਰ ਹੋ ਸਕਦਾ ਹੈ ਕਿ ਕਾਨੂੰਨ ਵਿਚ ਤਬਦੀਲੀਆਂ ਆਉਣ ਕਾਰਨ ਇਹ ਜਾਣਕਾਰੀ ਹੌਲੀ ਹੌਲੀ ਘੱਟ ਸਹੀ ਹੁੰਦੀ ਜਾਏ।